# ਪ੍ਰੈਸ ਨੋਟ

ਪੰਜਾਬ ਸਰਕਾਰ ਅਤੇ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ ਜੀ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਦੌਰਾਨ ਲੁਧਿਆਣਾ (ਦਿਹਾਤੀ) ਪੁਲਿਸ ਨੂੰ ਬਹੁਤ ਵੱਡੀ ਕਾਮਯਾਬੀ ਮਿਲੀ ਹੈ ਜਦੋਂ ਸੀ.ਆਈ.ਏ ਸਟਾਫ, ਜਗਰਾਉਂ ਦੀ ਟੀਮ ਜਿਸਦੀ ਅਗਵਾਈ ਇੰਸਪੈਕਟਰ ਹੀਰਾ ਸਿੰਘ, ਇੰਚਾਰਜ ਸੀ.ਆਈ.ਏ ਸਟਾਫ ਕਰ ਰਹੇ ਸੀ, ਜਿਹਨਾਂ ਨੇ 02 ਦੋਸ਼ੀਆਨ ਨਾਇਬ ਸਿੰਘ ਵਾਸੀ ਅੱਕੂਵਾਲ ਅਤੇ ਸੁਰਿੰਦਰ ਸਿੰਘ ਉਰਫ ਛਿੰਦਾ ਵਾਸੀ ਖੁਰਸ਼ੈਦਪੁਰਾ, ਸਿੱਧਵਾਂ ਬੇਟ ਨੂੰ, ਸਿੱਧਵਾਂ ਬੇਟ-ਨਕੋਦਰ ਰੋਡ ਤੇ ਨੇੜੇ ਡਰੇਨ ਤੋਂ ਪਾਕਿਸਤਾਨ ਤੋਂ ਸਮੱਗਲ ਕਰਕੇ ਲਿਆਂਦੀ ਗਈ 03 ਕਿੱਲੋਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ।

ਸ੍ਰੀ ਕੌਸਤਬ ਸ਼ਰਮਾ ਆਈ.ਪੀ.ਐਸ, ਇੰਸਪਕਟਰ ਜਨਰਲ ਪੁਲਿਸ, ਲੁਧਿਆਣਾ ਰੇਂਜ, ਲੁਧਿਆਣਾ ਨੇ ਅੱਜ ਜਗਰਾਉਂ ਵਿਖੇ ਵਿਸ਼ੇਸ਼ ਪ੍ਰੈਸ ਮਿਲਣੀ ਦੌਰਾਨ ਦੱਸਿਆ ਕਿ ਸ੍ਰੀ ਨਵਨੀਤ ਸਿੰਘ ਬੈਂਸ ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਮਨਵਿੰਦਰਬੀਰ ਸਿੰਘ ਪੀ.ਪੀ.ਐਸ, ਕਪਤਾਨ ਪੁਲਿਸ (ਸ), ਲੁਧਿਆਣਾ (ਦਿਹਾਤੀ), ਸ੍ਰੀ ਸਤਵਿੰਦਰ ਸਿੰਘ ਵਿਰਕ ਪੀ.ਪੀ.ਐਸ, ਉਪ ਕਪਤਾਨ ਪੁਲਿਸ ਸਬ-ਡਵੀਜਨ ਜਗਰਾਉਂ ਅਤੇ ਸ੍ਰੀ ਦਲਵੀਰ ਸਿੰਘ ਪੀ.ਪੀ.ਐਸ, ਉਪ ਕਪਤਾਨ ਪੁਲਿਸ, ਲੁਧਿਆਣਾ (ਦਿਹਾਤੀ) ਦੀ ਅਗਵਾਈ ਹੇਠ ਇੰਸ: ਹੀਰਾ ਸਿੰਘ, ਇੰਚਾਰਜ ਸੀ.ਆਈ.ਏ ਸਟਾਫ, ਜਗਰਾਉਂ ਦੀ ਪੁਲਿਸ ਪਾਰਟੀ ਨੇ ਮੁਖਬਰੀ ਤੇ **ਨਾਇਬ ਸਿੰਘ ਪੁੱਤਰ ਰਾਮ ਸਿੰਘ ਵਾਸੀ ਅੱਕੂਵਾਲ ਥਾਣਾ ਸਿੱਧਵਾਂ ਬੇਟ ਅਤੇ ਸੁਰਿੰਦਰ ਸਿੰਘ ਪੁੱਤਰ ਦਲਵੀਰ ਸਿੰਘ ਵਾਸੀ ਖੁਰਸ਼ੈਦਪੁਰਾ ਥਾਣਾ ਸਿੱਧਵਾਂ ਬੇਟ ਸਮੇਤ 03 ਕਿੱਲੋ ਹੈਰੋਇਨ ਜੋ ਕਿ ਪਾਕਿਸਤਾਨ ਵਿੱਚੋਂ ਡਰੋਨ ਰਾਹੀਂ ਸਮੱਗਲ ਕਰਕੇ ਲਿਆਂਦੀ ਗਈ ਸੀ, ਬ੍ਰਾਮਦ ਕਰਵਾਈ ਹੈ।** ਦੋਸ਼ੀ ਉਸ ਵਕਤ 01 ਕਾਲੇ ਰੰਗ ਦੇ ਅਪਾਚੀ ਮੋਟਰਸਾਈਕਲ ਜਿਸਦਾ ਨੰਬਰ ਪੀ.ਬੀ.08.ਡੀ.ਟੀ.9155 ਪਰ ਸਵਾਰ ਸਨ। ਇਹ ਸਮੱਗਲ ਕਰਕੇ ਲਿਆਂਦੀ ਗਈ ਹੈਰੋਇਨ ਦੋਸ਼ੀਆਨ ਨੇ ਲੁਧਿਆਣਾ,ਜਗਰਾਉਂ ਅਤੇ ਸਿੱਧਵਾਂ ਬੇਟ ਦੇ ਏਰੀਆ ਵਿੱਚ ਵੇਚਣੀ ਸੀ। ਦੋਸ਼ੀਆਨ ਦੇ ਖਿਲਾਫ ਮੁਕੱਦਮਾ ਨੰਬਰ 137 ਮਿਤੀ 24.07.2023 ਅ/ਧ 21,25 ਐਨ.ਡੀ.ਪੀ.ਐਸ ਐਕਟ ਥਾਣਾ ਸਿੱਧਵਾਂ ਬੇਟ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਨਾਇਬ ਸਿੰਘ ਦੀ ਨਿਸ਼ਾਨਦੇਹੀ ਤੇ ਇੱਕ ਕੱਪੜੇ ਦੀ ਗੁਥਲੀ ਵੀ ਬ੍ਰਾਮਦ ਹੋਈ ਹੈ, ਜਿਸ ਉੱਪਰ ਉਰਦੂ ਵਿੱਚ ਕੁੱਝ ਲਿਖਿਆ ਹੋਇਆ ਹੈ, ਜਿਸ ਵਿੱਚ ਪੈਕਿੰਗ ਕਰਕੇ ਇਹ ਹੈਰੋਇਨ ਪਾਕਿਸਤਾਨ ਤੋਂ ਸਮੱਗਲ ਕੀਤੀ ਗਈ ਹੈ।

ਉਕਤਾਨ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਹੋਰ ਵੀ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ। ਜਿਹਨਾਂ ਪਾਸੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਮੁਕੱਦਮਾ ਨੰਬਰ 137 ਮਿਤੀ 24.07.23 ਅ/ਧ 21,25 ਐਨ.ਡੀ.ਪੀ.ਐਸ ਐਕਟ ਥਾਣਾ ਸਿੱਧਵਾਂ ਬੇਟ**

**ਗ੍ਰਿਫਤਾਰ ਦੋਸ਼ੀ:-**

1. ਨਾਇਬ ਸਿੰਘ ਪੁੱਤਰ ਰਾਮ ਸਿੰਘ ਵਾਸੀ ਅੱਕੂਵਾਲ ਥਾਣਾ ਸਿੱਧਵਾਂ ਬੇਟ
2. ਸੁਰਿੰਦਰ ਸਿੰਘ ਪੁੱਤਰ ਦਲਵੀਰ ਸਿੰਘ ਵਾਸੀ ਖੁਰਸ਼ੈਦਪੁਰਾ ਥਾਣਾ ਸਿੱਧਵਾਂ ਬੇਟ

**ਬ੍ਰਾਮਦਗੀ:-**

1. ਹੈਰੋਇਨ 03 ਕਿੱਲੋਗ੍ਰਾਮ
2. ਅਪਾਚੀ ਮੋਟਰਸਾਈਕਲ ਨੰਬਰੀ ਪੀ.ਬੀ.08.ਡੀ.ਟੀ.9155
3. ਇੱਕ ਕੱਪੜੇ ਦੀ ਗੁੱਥਲੀ ਜਿਸ ਪਰ ਉਰਦੂ ਵਿੱਚ ਲਿਖਿਆ ਹੋਇਆ ਹੈ

**ਦੋਸ਼ੀ ਨਾਇਬ ਸਿੰਘ ਖਿਲਾਫ ਪਹਿਲਾਂ ਦਰਜ ਮਕੱਦਮਾ**

1. ਮੁਕੱਦਮਾ ਨੰਬਰ 86 ਮਿਤੀ 27.04.2017 ਅ/ਧ 22-61-85 ਐਨ ਡੀ ਪੀ ਐਸ ਐਕਟ ਥਾਣਾ ਸਿੱਧਵਾਂ ਬੇਟ **(ਸਜਾ-ਜਾਬਤਾ)**

**ਦੋਸ਼ੀ ਸੁਰਿੰਦਰ ਸਿੰਘ ਖਿਲਾਫ ਪਹਿਲਾਂ ਦਰਜ ਮੁਕੱਦਮੇ**

1. ਮੁਕੱਦਮਾ ਨੰਬਰ 146 ਮਿਤੀ 14.10.12 ਅ/ਧ 379 ਭ/ਦੰ 21 ਮਾਇਨਿੰਗ ਐਕਟ ਥਾਣਾ ਸਿੱਧਵਾਂ ਬੇਟ
2. ਮੁਕੱਦਮਾ ਨੰਬਰ 88 ਮਿਤੀ 12.06.2014 ਅ/ਧ 379 ਭ/ਦੰ 21 ਮਾਇਨਿੰਗ ਐਕਟ ਥਾਣਾ ਸਿੱਧਵਾਂ ਬੇਟ

# **Press Note**

The special drive launched by Govt. of Punjab and Hon'ble Director General of Police, Punjab Chandigarh against the drugs and for making the state drug free, Ludhiana (Rural) Police achieved great success when a team of CIA Staff Jagraon led by Insp. Hira Singh, I/C CIA Staff Jagraon recovered 03 Kg of Heroin which was smuggled from Pakistan from 02 accused namely Naib Singh r/o Akkulwal and Surinder Singh @ Shinda resident of Khurshaidpura, PS Sidhwan Bet from near the drain on the Sidhwan Bet-Nakodar Road.

Sh. Kaustabh Sharma IPS, Inspector General of Police, Ludhiana Range, Ludhiana briefed a special Press Conference at Jagraon that under the able guidance of Sh. Navneet Singh Bains IPS, Senior Superintendent of Police, Ludhiana (Rural) and under the supervision of Sh. Manvinder bir Singh PPS, SP (Hq.), Ludhiana (Rural), Sh. Satwinder Singh Virk PPS, DSP Sub-division Jagraon & Sh. Dalbir Singh PPS, DSP Ludhiana (Rural), Insp. Hira Singh, I/C CIA Staff Jagraon has **recovered 03 Kg of Heroin which was smuggled from Pakistan through Drone from Naib Singh s/o Ram Singh r/o Akkuwal, PS Sidhwan Bet & Surinder Singh @ Shinda s/o Dalvir Singh r/o Khurshaidpura, PS Sidhwan Bet**. The accused were coming on black coloured Apache motorcycle bearing registration no. PB-08-DT-9155. The smuggled contraband would have been supplied in the area of Ludhiana, Jagraon and Sidhwan Bet. A Case FIR No. 137 Date 24.07.2023 U/S 21,25 NDPS Act PS Sidhwan Bet has been registered against the accused, which is under investigation. On the disclosure statement of Naib Singh a cloth parcel upon which Urdu has been written has also been recovered, This is same parcel in which the contraband has been smuggled from Pakistan.

The accused would be produced in the Court for seeking Police Remand for further interrogation.

**FIR No. 137 Date 24.07.2023 U/S 21,25 NDPS Act PS Sidhwan Bet**

**Accused Arrested :-**

1. Naib Singh s/o Ram Singh r/o Akkuwal, PS Sidhwan Bet
2. Surinder Singh @ Shinda s/o Dalvir Singh r/o Khurshaidpura, PS Sidhwan Bet

**Recovery :-**

1. Heroin 03 Kilogram.
2. M/C Apache No. PB-08-DT-9155.
3. One cloth parcel upon which Urdu has been written.

**Previous Criminal History of the accused Naib Singh**

1. FIR No. 86 Date 27.04.2017 U/S 22 NDPS Act PS Sidhwan Bet (Convicted)

**Previous Criminal History of the accused Surinder Singh @ Shinda**

1. FIR No. 146 Date 14.10.12 U/S 379 IPC, 21 Mining Act PS Sidhwan Bet
2. FIR No. 88 Date 12.06.2014 U/S 379 IPC, 21 Mining Act PS Sidhwan Bet